BC Renal Agency
An agency of the Provincial Health Services Authority

# ਪੈਰੀਟੋਨੀਅਲ ਡਾਇਆਲਿਸਸ ਲਈ ਬੈੱਡ ਸਾਈਡ ਨਾਲੀ ਚਾੜ੍ਹਨਾ ਇਹ ਕੀ ਹੈ? ਮੈਂ ਕੀ ਆਸ ਰੱਖ ਸਕਦਾ/ਸਕਦੀ ਹਾਂ?

- ਇਕ ਟਿਊਬ (ਨਾਲੀ) ਤੁਹਾਡੇ ਪੇਟ ਵਿਚ ਚਾੜ੍ਹੀ ਜਾਵੇਗੀ।
- ਕਿਰਪਾ ਕਰਕੇ ਹਸਪਤਾਲ ਵਿਚ ਆਪਣੀ ਸਰਜਰੀ ਤੋਂ ਇਕ ਘੰਟਾ ਪਹਿਲਾਂ ਪਹੁੰਚੋ। ਸਰਜਰੀ ਨੂੰ ਤਕਰੀਬਨ 45 ਮਿੰਟ ਲੱਗਣਗੇ। ਤੁਸੀਂ ਸਰਜਰੀ ਤੋਂ ਬਾਅਦ ਹਸਪਤਾਲ ਵਿਚ ਤਕਰੀਬਨ 3 ਘੰਟਿਆਂ ਲਈ ਰਹੋਗੇ। ਕਈ ਵਾਰ ਤੁਹਾਨੂੰ ਰਾਤ ਵੀ ਰੱਖਿਆ ਜਾ ਸਕਦਾ ਹੈ।
- ਆਪਣੀ ਸਰਜਰੀ ਦੌਰਾਨ ਤੁਸੀਂ ਜਾਗਦੇ ਹੋਵੋਗੇ। ਤੁਹਾਨੂੰ ਆਰਾਮਦੇਹ ਕਰਨ ਲਈ ਜਾਂ ਤੁਹਾਨੂੰ ਸੁਲਾਉਣ ਲਈ ਤੁਹਾਨੂੰ ਦਵਾਈਆਂ ਵੀ ਦਿੱਤੀਆਂ ਜਾ ਸਕਦੀਆਂ ਹਨ।
- ਤੁਹਾਡਾ ਡਾਕਟਰ ਤੁਹਾਡੇ ਪੇਟ ਵਿਚ ਮਾਸ ਸੁਲਾਉਣ ਲਈ ਟੀਕਾ ਲਾਵੇਗਾ। ਇਸ ਕਾਰਜ ਦੌਰਾਨ ਤੁਹਾਨੂੰ ਦਰਦ ਨਹੀਂ ਮਹਿਸੂਸ ਹੋਣੀ ਚਾਹੀਦੀ।
- ਤੁਹਾਡਾ ਡਾਕਟਰ ਤੁਹਾਡੀ ਧੁੰਨੀ ਦੇ ਨੇੜੇ 2 ਛੋਟੇ ਚੀਰ ਦੇਵੇਗਾ। ਇਕ ਚੀਰ 'ਤੇ ਟਾਂਕੇ ਲੱਗਣਗੇ ਅਤੇ ਦੂਜੇ ਵਿਚ ਦੀ ਟਿਊਬ ਬਾਹਰ ਨੂੰ ਨਿਕਲੇਗੀ। ਤੁਹਾਡੇ ਚੀਰਾਂ ਨੂੰ ਇਕ ਵੱਡੀ ਪੱਟੀ ਨਾਲ ਢਕਿਆ ਜਾਵੇਗਾ।
- ਬਹੁਤੇ ਕੇਸਾਂ ਵਿਚ, ਜ਼ਖਮ ਭਰਨ ਦੇਣ ਲਈ ਤੁਹਾਡੀ ਨਾਲੀ ਨੂੰ ਪਾਏ ਜਾਣ ਤੋਂ ਬਾਅਦ ਘੱਟੋ ਘੱਟ 2 ਹਫਤਿਆਂ ਲਈ ਡਾਇਆਲਿਸਸ ਲਈ ਨਹੀਂ ਵਰਤਿਆ ਜਾਵੇਗਾ।



*ਨਾਲੀਆਂ ਦਾ ਨਮੂਨਾ*




*ਜਿੱਥੇ ਨਾਲੀ ਪਾਈ ਜਾਵੇਗੀ*

## ਜ਼ਰੂਰੀ ਫੋਨ ਨੰਬਰ

ਕਿਡਨੀ ਡਾਕਟਰ ______________________________

ਪੈਰੀਟੋਨੀਅਲ ਡਾਇਆਲਿਸਸ ਯੂਨਿਟ ____________________

ਕਿਡਨੀ ਕਲੀਨਿਕ ______________________________

ਇਸ ਪੈਂਫਲਿਟ ਵਿਚਲੀ ਜਾਣਕਾਰੀ, ਸਿਖਿਆ ਅਤੇ ਜਾਣਕਾਰੀ ਦੇਣ ਦੇ ਮੰਤਵਾਂ ਲਈ, ਅਤੇ ਆਪਣੀ ਡਾਕਟਰੀ ਹਾਲਤ ਅਤੇ ਇਲਾਜ ਬਾਰੇ, ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਨ ਲਈ ਦਿੱਤੀ ਗਈ ਹੈ। ਇਹ ਡਾਕਟਰੀ ਸਲਾਹ ਦੀ ਥਾਂ ਨਹੀਂ ਲੈਂਦੀ ਅਤੇ ਨਾ ਹੀ ਤੁਹਾਡੇ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਮਾਹਰ ਵਲੋਂ ਦਿੱਤੀ ਜਾਣ ਵਾਲੀ ਸਲਾਹ ਦਾ ਬਦਲ ਬਣਨੀ ਚਾਹੀਦੀ ਹੈ।

fraserhealth — Better health. Best in health care. | Interior Health | northern health | Providence Health Care — How you want to be treated. | Vancouver Coastal Health — Promoting wellness. Ensuring care. | Vancouver Island health authority | Provincial Health Services Authority — Province-wide solutions. Better health. | British Columbia — The Best Place on Earth